International Journal of Academic Research and Development
ISSN: 2455-4197, Impact Factor: RJIF 5.22
www.academicsjournal.com
Volume 2; Issue 3; May 2017; Page No. 406-408

# ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਬਿੰਬ ਵਿਧਾਨ

**ਅਮਰਜੀਤ ਸਿੰਘ**
Gole Gujral near Govt. HR Sec School Jammu, Jammu and Kashmir, India

ਪੰਜਾਬੀ ਸਾਹਿਤ ਦੇ ਇਤਿਹਾਸ ਅੰਦਰ ਝਾਤ ਮਾਰੀ ਜਾਏ ਤਾਂ ਮੱਧਕਾਲ ਦਾ ਪੰਜਾਬੀ ਸਾਹਿਤ ਸਿਰਮੌਰ ਸਾਹਿਤ ਵਜ਼ੋਂ ਨਜ਼ਰ ਆਉਂਦਾ ਹੈ। ਮੱਧਕਾਲ ਵਿਚ ਪੰਜਾਬੀ ਸਾਹਿਤ ਦਾ ਜਨਮ ਹੀ ਨਹੀਂ ਹੁੰਦਾ ਬਲਕਿ ਉਹ ਉਸ ਸਮੇਂ ਰਚੇ ਜਾਂਦੇ ਬਾਕੀ ਭਾਸ਼ਾਵਾਂ ਦੇ ਸਾਹਿਤ ਰੂਪਾਂ ਨਾਲੋਂ ਕਈ ਪੱਖਾਂ ਤੋਂ ਉਤਮ ਅਤੇ ਵਿਲੱਖਣ ਮੂੰਹ-ਮੁਹਾਂਦਰਾ ਸਵਾਰਦਾ ਹੈ ਜਿਸ ਨਾਲ ਪੰਜਾਬੀ ਭਾਸ਼ਾ, ਆਪਣਾ ਮੁਹਾਵਰਾ ਸਥਾਪਿਤ ਕਰਦੀ ਹੈ। ਮੱਧਕਾਲ ਦੇ ਪੰਜਾਬੀ ਸਾਹਿਤ ਨੂੰ ਮਿਆਰ ਤੇ ਪਹੁੰਚਾਣ ਵਿਚ ਗੁਰਮਤਿ ਕਾਵਿ, ਕਿੱਸਾ ਕਾਵਿ, ਸੂਫੀ ਕਾਵਿ, ਵਾਰ ਕਾਵਿ ਆਦਿ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੈ ਪਰ ਗੁਰਮਤਿ ਇਸ ਕਾਲ ਦੀ ਮਿਰਮੌਰ ਕਾਵਿ-ਧਾਰਾ ਹੈ ਜੋ ਪੰਜਾਬੀ ਸਾਹਿਤ ਨੂੰ ਬਾਕੀ ਭਾਸ਼ਾਵਾਂ ਦੇ ਸਾਹਿਤ ਦੇ ਬਰਾਬਰ ਖੜਾ ਹੀ ਨਹੀਂ ਕਰਦੀ ਸਗੋਂ ਉਨ੍ਹਾਂ ਬਾਕੀ ਭਾਸ਼ਾਵਾ ਵਿਚ ਰਚੇ ਜਾਂਦੇ ਸਾਹਿਤ ਨਾਲੋਂ ਕਈ ਪੱਖਾਂ ਤੋਂ ਵੱਧ ਅਤੇ ਉੱਚਾ ਮਿਆਰ ਹਾਸਿਲ ਕਰਦੀ ਹੈ।

ਮੱਧਕਾਲ ਵਿਚ ਗੁਰਮਤਿ ਕਾਵਿ ਨੂੰ ਗੁਰੂ ਨਾਨਕ ਬਾਣੀ ਹੀ ਪਹਿਲੇ ਪੜਾ ਵਿਚ ਸਿੱਖਰਾਂ ਤੇ ਪਹੁੰਚਾ ਦਿੰਦੀ ਹੈ। ਗੁਰੂ ਨਾਨਕ ਸਾਹਿਬ ਤੋਂ ਬਾਅਦ ਦੇ ਗੁਰੂ ਸਾਹਿਬਾਨ ਨੇ ਸਮੇਂ ਸਮੇਂ ਸਿਰ ਬਾਣੀ ਦੀ ਸਿਰਜਣਾ ਕਰਕੇ ਇਸ ਵਿਚ ਆਪਣਾ ਵਿਲੱਖਣ ਯੋਗਦਾਨ ਪਾ ਕੇ ਇਸਨੂੰ ਮੱਧਕਾਲ ਦੀ ਸਭ ਤੋਂ ਉਤਮ ਕਾਵਿਧਾਰਾ ਵਜ਼ੋਂ ਸਥਾਪਿਤ ਕੀਤਾ। ਇਸ ਤਰ੍ਹਾਂ ਨਾਲ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਤੋਂ ਬਾਅਦ ਦੇ ਗੁਰੂ ਸਾਹਿਬਾਨ ਨੇ ਵੀ ਬਾਣੀ ਦੀ ਸਿਰਜਣਾ ਕਰਕੇ ਇਸਨੂੰ ਬਾ-ਦਸਤੂਰ ਜਾਰੀ ਰਖਿਆ ਅਤੇ ਇਸਨੂੰ ਅਮੀਰ ਬਣਾਉਣ ਵਿਚ ਆਪਣਾ ਵਡਮੁੱਲਾ ਯੋਗਦਾਨ ਦਿੱਤਾ। ਹੱਥਲੇ ਪੇਪਰ ਵਿਚ ਅਸੀਂ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗੁਰਮਤਿ ਪਰੰਪਰਾ ਦੇ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਇਕ ਪੱਖ 'ਬਿੰਬ-ਵਿਧਾਨ' ਨੂੰ ਸੱਮਝਣ ਅਤੇ ਉਘਾੜਨ ਦਾ ਯੱਤਨ ਕਰਾਂਗੇ। ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਬਿੰਬ-ਵਿਧਾਨ ਉਪਰ ਚਰਚਾ ਕਰਨ ਤੋਂ ਪਹਿਲਾਂ ਬਿੰਬ ਬਾਰੇ ਸੰਖੇਪ ਚਰਚਾ ਕਰਨ ਜਰੂਰੀ ਬਣ ਜਾਂਦੀ ਹੈ।

'ਬਿੰਬ' ਇਕ ਵਿਆਪਕ ਸ਼ਬਦ ਹੈ। 'ਬਿੰਬ' ਸ਼ਬਦ ਅੰਗਰੇਜ਼ੀ ਦੇ ਸ਼ਬਦ ਇਮੇਜ (Image) ਦਾ ਪੰਜਾਬੀ ਰੂਪਾਂਤਰਣ ਹੈ। ਇਸ ਸ਼ਬਦ ਦਾ ਪ੍ਰਯੋਗ ਵੱਖ-ਵੱਖ ਅਰਥਾਂ ਵਿਚ ਕੀਤਾ ਜਾਂਦਾ ਹੈ। ਬਿੰਬ ਨੂੰ ਇਕ ਨਿਸ਼ਚਿਤ ਅਰਥ ਪ੍ਰਧਾਨ ਕਰਨਾ ਮੁਸ਼ਕਿਲ ਹੈ ਕਿਉਂਕਿ ਇਸਨੂੰ ਅਰਥ ਦੇਣਾ ਇਸਦੀ ਵਰਤੋਂ ਉਪਰ ਨਿਰਭਰ ਹੈ ਕਿ ਇਸ ਨੂੰ ਕਿਸ ਖੇਤਰ ਵਿਚ ਵਰਤਿਆ ਜ ਰਿਹਾ ਹੈ। ਬਿੰਬ ਕਾਵਿ ਦਾ ਬੁਨਿਆਦੀ ਤੱਤ ਹੈ । ਇਸਦੀ ਵਰਤੋਂ ਕਾਵਿ ਵਿਚ ਹੁੰਦੀ ਆਈ ਹੈ । ਕਵੀ ਆਪਣੇ ਅਨੁਭਵ ਨੂੰ ਪ੍ਰਗਟਾਉਣ ਲਈ ਕਵਿਤਾ ਦਾ ਸਹਾਰਾ ਲੈਂਦਾ ਹੈ। ਉਹ ਕਵਿਤਾ ਵਿਚ ਮਨੁੱਖੀ ਮਨ ਦੀਆਂ ਅਨੁਭੂਤੀਆਂ ਅਤੇ ਭਾਵਨਾਵਾਂ ਨੂੰ ਸੂਖਮ ਰੂਪ ਵਿਚ ਪ੍ਰਗਟ ਕਰਦਾ ਹੈ। ਕਵੀ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਦੀ ਅਭਿਵਿਅਕਤੀ ਨੂੰ ਤੀਬਰਤਾ ਅਤੇ ਕਲਾਤਮਕਤਾ ਨਾਲ ਪ੍ਰਗਟ ਕਰਨ ਲਈ ਬਿੰਬ ਦੀ ਵਰਤੋਂ ਕਰਦਾ ਹੈ। ਕਵੀ ਆਪਣੀ ਕਲਪਨਾ ਸ਼ਕਤੀ ਨਾਲ ਉਸਾਰੀ ਪਰਾਲੌਕਿਕ ਦੁਨੀਆ ਨੂੰ ਦਿੱਸ ਰਹੇ ਸੰਸਾਰ ਵਿਚ ਬਦਲ ਕੇ ਪੇਸ਼ ਕਰਨ ਦੀ ਬੇਮਿਸਾਲ ਤੇ ਕਲਾਤਮਕ ਕੋਸ਼ਿਸ਼ ਕਰਦਾ ਹੈ। ਬਿੰਬ ਕਵਿਤਾ ਵਿਚ ਪੇਸ਼ ਰਹੱਸ ਨੂੰ ਉਘਾੜਨ ਵਾਲਾ ਅਜਿਹਾ ਤੱਤ ਹੈ ਜਿਸ ਨੂੰ ਕਵਿਤਾ ਦੀ ਸ਼ੈਲੀਗਤ ਵਿਸ਼ੇਸ਼ਤਾ ਮੰਨਿਆ ਜਾਂਦਾ ਹੈ। ਬਿੰਬਾ ਰਾਹੀਂ ਕਵੀ, ਕਵਿਤਾ ਦਾ ਸੁਹਜ ਹੀ ਪ੍ਰਗਟ ਨਹੀਂ ਕਰਦਾ ਸਗੋਂ ਸੁਹਜ ਨੂੰ ਵਧਾਉਂਦਾ ਵੀ ਹੈ। ਕਵਿਤਾ ਅਤੇ ਬਿੰਬ ਦਾ ਸੰਬੰਧ ਡਾ. ਪ੍ਰੇਮ ਪ੍ਰਕਾਸ਼ ਇਸ ਤਰ੍ਹਾਂ ਪੇਸ਼ ਕਰਦੇ ਹਨ। "ਕਵਿਤਾ ਬਿੰਬ ਮਈ ਹੁੰਦੀ ਹੈ। ਬਿੰਬ ਕਵਿਤਾ ਦਾ ਉਹ ਜੁਜ਼ ਹੁੰਦਾ ਹੈ ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤਕ ਅਤੇ ਵਸਤੂ ਤੋਂ ਲੈ ਕੇ ਰੂਪ ਤਕ ਪਰਸਿਆ ਰਹਿੰਦਾ ਹੈ।[1] ਡਾ. ਪੀ. ਆਦੇਸ਼ਵਰ ਰਾਉ ਬਿੰਬ ਸੰਬੰਧੀ ਕਹਿੰਦੇ ਹਨ ਕਿ "ਇਹ ਕਾਵਿ ਦਾ ਪ੍ਰਾਣਧਾਰੀ ਤੱਤ ਹੈ। ਸ਼ਬਦ ਨਿਰਮਿਤ ਚਿੱਤਰ ਹੀ ਬਿੰਬ ਹੈ।"[2] ਸੋ ਇਹ ਕਹਿਣਾ ਅਤਿਕੱਥਣੀ ਨਹੀਂ ਹੋਵੇਗੀ ਕਿ ਬਿੰਬ ਕਵਿਤਾ ਦਾ ਉਹ ਤੱਤ ਹੈ ਜਿਸ ਨਾਲ ਕਵੀ ਆਪਣੇ ਵਿਚਾਰਾਂ ਅਤੇ ਭਾਵਾਂ ਨੂੰ ਕਲਾਤਮਕਤਾ ਸਹਿਤ ਪਾਠਕਾਂ ਅਤੇ ਸਰੋਤਿਆਂ ਤੱਕ ਪਹੁੰਚਾਂਉਦਾ ਹੈ। ਕਵੀ ਪਾਠਕਾਂ ਅਤੇ ਸਰੋਤਿਆਂ ਦੇ ਮਨ ਅਤੇ ਬੁੱਧੀ ਅੰਦਰ ਇਕ ਅਕਸ ਪੈਦਾ ਕਰ ਉਨ੍ਹਾਂ ਅੰਦਰ ਸੁਹਜ ਭਰਦਾ ਹੈ।

ਬਿੰਬ ਵਿਧਾਨ ਉਪਰ ਸੰਖੇਪ ਚਰਚਾ ਕਰਨ ਤੋਂ ਬਾਅਦ ਅਸੀਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਬਿੰਬ ਵਿਧਾਨ ਬਾਰੇ ਉਨ੍ਹਾਂ ਦੀ ਬਾਣੀ ਅੰਦਰ ਵਰਤੇ ਗਏ ਬਿੰਬਾਂ ਉਪਰ ਸੰਖੇਪ ਰੋਸ਼ਨੀ ਪਾ ਕੇ ਹੀ ਦੱਸ ਸੱਕਦੇ ਹਾਂ। ਗੁਰੂ ਅਰਜਨ ਦੇਵ ਜੀ ਨੇ ਬਾਣੀ ਅੰਦਰ ਵੰਨ-ਸੁੰਵਨੇ ਕਾਵਿ ਰੂਪਾਂ ਦੀ ਵਰਤੋਂ ਕੀਤੀ । ਇਨ੍ਹਾਂ ਵੰਨ-ਸੁੰਵਨੇ ਕਾਵਿ ਰੂਪਾਂ ਵਿਚ ਬਿੰਬ ਦੀ ਵਰਤੋਂ ਬੜੇ ਹੀ ਵਿਲੱਖਣ ਅਤੇ ਕਲਾਤਮਕ ਢੰਗ ਨਾਲ ਕਰਕੇ ਬਾਣੀ ਦੇ ਵਿਸ਼ੇ ਨੂੰ ਹੋਰ ਵੀ ਵਧੇਰੇ ਸਪਸ਼ਟ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਸ਼ਿਲਪਗਤ ਵਿਸ਼ੇਸ਼ਤਾ ਉਸ ਦਾ ਬਿੰਬ ਵਿਧਾਨ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਬਿੰਬ ਸਿਰਜਣਾ ਬੜੀ ਸਫਲਤਾ ਨਾਲ ਹੋਈ ਹੈ। ਆਪ ਜੀ ਦੀ ਬਾਣੀ ਵਿਚ ਵਰਤੇ ਗਏ ਬਿੰਬਾਂ ਦਾ ਖੇਤਰ ਬੜਾ ਵਿਸ਼ਾਲ ਹੈ। ਆਪ ਜੀ ਨੇ ਆਪਣੇ ਜੀਵਨ ਦੇ ਵਿਸ਼ਾਲ ਅਨੁਭਵ ਰਾਹੀਂ ਵੱਖ-ਵੱਖ ਪੱਖਾਂ ਤੋਂ ਬਿੰਬ ਚੁਣੇ। ਆਪ ਜੀ ਦੁਆਰਾ ਵਰਤੇ ਗਏ ਬਿੰਬਾਂ ਦੀ ਤਰਤੀਬ ਇਸ ਤਰ੍ਹਾਂ ਹੈ:-

- ਦ੍ਰਿਸ਼ਟੀ ਮੂਲਕ ਬਿੰਬ
- ਨਾਦ ਮੂਲਕ ਬਿੰਬ
- ਸਪਰਸ਼ ਮੂਲਕ ਬਿੰਬ
- ਗੰਧ ਮੂਲਕ ਬਿੰਬ
- ਰਸ ਮੂਲਕ ਬਿੰਬ
- ਪ੍ਰਤੀਕਾਤਮਕ ਬਿੰਬ
- ਪ੍ਰਕਿਰਤੀ ਨਾਲ ਸੰਬੰਧਿਤ ਬਿੰਬ
- ਦੈਨਿਕ ਜੀਵਨ ਨਾਲ ਸੰਬੰਧਿਤ ਬਿੰਬ
- ਨੈਤਿਕ ਜੀਵਨ ਨਾਲ ਸੰਬੰਧਿਤ ਬਿੰਬ

### (ੳ) ਦ੍ਰਿਸ਼ਟੀ ਮੂਲਕ ਬਿੰਬ

ਦ੍ਰਿਸ਼ਟੀ ਮੂਲਕ ਬਿੰਬ ਦਾ ਦੂਸਰਾਂ ਨਾਂ ਰੂਪ ਬਿੰਬ ਹੈ, ਜਿਸਦਾ ਸੰਘਣਾ ਸੰਬੰਧ ਸਾਡੀ ਨੈਣ-ਇੰਦਰੀ ਨਾਲ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਦ੍ਰਿਸ਼ਟੀ ਮੂਲਕ ਬਿੰਬ ਦੇ ਅਨੇਕ ਉਦਾਹਰਣ ਮਿਲਦੇ ਹਨ। ਬਾਰਾਂਮਾਹ ਵਿਚ ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਤੱਤਾਂ ਦੇ ਵਿਭਿੰਨ ਬਿੰਬਾਂ ਦੁਆਰਾ ਸੁੰਦਰ ਤੇ ਸਜੀਵ ਸ਼ਬਦ ਚਿੱਤਰ ਵਿਚ ਅਜਿਹੀ ਹੀ ਅਨੋਖੀ ਰੰਗੀਨੀ ਹੈ, ਇਕ ਅਦਭੁਤ ਆਕਰਸ਼ਣ ਹੈ, ਇਕ ਅਨੂਪ ਸੁਹਜ ਹੈ ਅਤੇ ਮਨੋਵਿਗਿਆਨਕ ਸੱਚਾਈ ਹੈ। ਜਿਵੇਂ :-

- ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥
  ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ॥[3]
  ਅਤੇ
- ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥

ਪਹਿਲੀ ਉਦਾਹਰਣ ਮਾਂ ਦੇ ਪੇਟ ਵਿਚ ਪੁੱਠੇ ਲਟਕ ਰਹੇ ਅਣ-ਜਨਮੇ ਬੱਚੇ ਦਾ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਸਮੂਰਤ ਕਰਦੀ ਹੈ। ਦੂਸਰੀ ਉਦਾਹਰਣ ਵਿਚ ਵੀ ਮਨਮੁੱਖਾਂ ਅਤੇ ਉੱਜੜੇ ਘਰਾਂ ਦਾ ਹੂ-ਬਹੂ ਦ੍ਰਿਸ਼ ਪੇਸ਼ ਕੀਤਾ ਗਿਆ ਹੈ ਜਿਸ ਨਾਲ ਗੁਰਬਾਣੀ ਅੰਦਰਲਾ ਸੁਣੇਹਾ ਮਨੁੱਖ ਨੂੰ ਸਹਿਜੇ ਹੀ ਸਮਝ ਆ ਜਾਂਦਾ ਹੈ।

### (ਅ) ਨਾਦ-ਮੂਲਕ ਬਿੰਬ

ਇਸ ਦਾ ਬੋਧ ਸੁਣਨ-ਇੰਦਰੀ ਰਾਹੀਂ ਹੁੰਦਾ ਹੈ। ਸਾਜ਼ਾ ਦੇ ਨਾਦਾਂ ਜਾਂ ਸ਼ਬਦਾਂ ਦੀ ਨਾਦਮਈ ਵਿਧੀ ਦੁਆਰਾ ਇਸ ਬਿੰਬ ਦੀ ਸਿਰਜਣਾ ਕੀਤੀ ਜਾਂਦੀ ਹੈ। ਅਜਿਹੇ ਬਿੰਬਾਂ ਦੀ ਮਿਸਾਲ ਵੀ ਗੁਰੂ ਸਾਹਿਬ ਜੀ ਦੀ ਬਾਣੀ ਵਿਚ ਮੌਜੂਦ ਹੈ। ਜਿਵੇਂ :-

- ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥[4]
- ਨਾਨਕ ਬਿਜੁਲੀਆ ਚਮਕੰਨਿ ਘੁਰਨ੍ਹਿ ਘਟਾ ਅਤਿ ਕਾਲੀਆ॥[5]
- ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ॥[6]

ਇਸ ਤਰ੍ਹਾਂ ਉਪਰੋਕਤ ਪੰਕਤਿਆਂ ਵਿਚ ਰਿਮਝਿਮ ਵਰਸਦੀ ਬਾਰਸ਼ ਦਾ ਮਧੁਰ ਨਾਦ, ਬਿਜਲੀਆਂ ਦੇ ਕੜਕਣ ਦੀ ਆਵਾਜ਼ ਅਤੇ ਅਕਾਲ ਪੁਰਖ ਦੀ ਉਸਤੱਤ ਵਿਚ ਢਾਡੀ ਦੇ ਮਿੱਠੇ ਅਤੇ ਸੁਰੀਲੇ ਸ਼ਬਦਾਂ ਦੀ ਧੁਨੀ, ਦੁਖੀ ਵਿਅਕਤੀਆਂ ਦੇ ਪੱਥਰਾਂ ਨੂੰ ਕੰਬਾ ਦੇਣ ਵਾਲੇ ਵਿਰਲਾਪ ਰਾਹੀਂ ਨਾਦ ਦਾ ਬੋਧ ਸੱਪਸ਼ਟ ਹੁੰਦਾ ਹੈ।

### (ੲ) ਸਪਰਸ਼ ਮੂਲਕ ਬਿੰਬ

ਇਸ ਬਿੰਬ ਦਾ ਬੋਧ ਸਾਡੀ ਗਿਆਨ ਇੰਦਰੀ ਚਮੜੀ ਨਾਲ ਹੁੰਦਾ ਹੈ । ਕਈ ਵਾਰ ਅਚੇਤ ਸੁੱਤਿਆਂ ਪਿਆਂ ਕੋਈ ਕੰਡਾ ਜਾਂ ਸੂਈ ਸਾਡੀ ਪਿਠ 'ਚ ਚੋਭੀ ਜਾਏ ਤਾਂ ਅਸੀਂ ਇਕਦਮ ਤ੍ਰਭਕ ਉਠਦੇ ਹਾਂ, ਬੱਸ ਇਸੇ ਨੂੰ ਛੋਹ ਦਾ ਅਨੁਭਵ ਕਹਿੰਦੇ ਹਨ ।ਇਸੇ ਦੀ ਕੁੱਖ ਤੋਂ ਸਪਰਸ਼ -ਬਿੰਬ ਦਾ ਜਨਮ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸਪਰਸ਼ਕ ਬਿੰਬਾਂ ਦੀ ਵਰਤੋਂ ਇਸ ਪ੍ਰਕਾਰ ਹੋਈ ਹੈ :-

- ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥
  ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥[7]

ਗੁਰੂ ਸਾਹਿਬ ਨੇ ਇਸ ਬਿੰਬ ਦੀ ਵਰਤੋਂ ਕਰਕੇ ਰਹੱਸਮਈ ਅਨੁਭਵ ਨੂੰ ਸਰੀਰ ਦੀ ਵੱਖ-ਵੱਖ ਦਸ਼ਾ ਦੁਆਰਾ ਵਿਅਕਤ ਕਰਕੇ ਭਾਵ ਨੂੰ ਸੰਚਾਰਿਆ ਹੈ।

### (ਸ) ਗੰਧ ਮੂਲਕ ਬਿੰਬ

ਅਜਿਹੇ ਬਿੰਬਾਂ ਦਾ ਬੋਧ ਸੁੰਘਣੀ ਇੰਦਰੀ ਦੁਆਰਾ ਹੁੰਦਾ ਹੈ। ਇਸ ਬਿੰਬ ਦੇ ਉਦਾਹਰਣ ਵੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਉਪਲਬਧ ਹਨ। ਪੰਕਤੀਆਂ ਵਿਚ ਗੁਰੂ ਜੀ ਨੇ ਭਿੰਨ-ਭਿੰਨ ਸੁੰਗਧੀਆਂ ਦੀ ਅਨੁਭੂਤੀ ਕਰਾਈ ਹੈ।

- ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥
  ਗ੍ਰਿਹ ਸੋਇਨ ਚੰਦਨ ਸੁੰਗਧ ਲਾਇ ਮੋਤੀ ਹੀਰੇ॥[8]

### (ਹ) ਰਸ ਮੂਲਕ ਬਿੰਬ

ਰਸ ਮੂਲਕ ਬਿੰਬ ਦਾ ਦੂਸਰਾ ਨਾਂ ਸਵਾਦ ਹੈ। ਗੁਰੂ ਜੀ ਨੇ ਪ੍ਰਭੂ ਦੇ ਨਾਮ ਨੂੰ ਮਿੱਠਾ ਕਹਿ ਕੇ ਸਵਾਦ ਦਾ ਅਨੁਭਵ ਕਰਾਇਆ ਹੈ ਅਤੇ ਇਸ ਦੇ ਨਾਲ ਹੀ ਮਾਇਕ ਪਦਾਰਥਾਂ ਨੂੰ ਮਨੁੱਖ ਮਿੱਠਾ ਕਰਕੇ ਖਾਂਦਾ ਹੈ ਪਰ ਉਨ੍ਹਾਂ ਦਾ ਸਵਾਦ ਸਚੁਮੁੱਚ ਕੋੜਾ ਹੁੰਦਾ ਹੈ। ਜਿਵੇਂ :

- ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥[9]
- ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ॥[10]

### (ਕ) ਪ੍ਰਤੀਕਾਤਮਕ ਬਿੰਬ

ਪ੍ਰਤੀਕ ਅਜਿਹੇ ਰੂਪ ਹਨ ਜੋ ਸਥਾਈ ਜਾਂ ਨਿਸ਼ਚਿਤ ਅਰਥ ਰੱਖਦੇ ਹਨ। ਗੁਰੂ ਸਾਹਿਬ ਜੀ ਦੀ ਬਾਣੀ ਵਿਚ ਇਹ ਬਿੰਬ ਵਧੇਰੇ ਵਿਦਮਾਨ ਹਨ। ਇਹ ਬਿੰਬ ਜ਼ਿਆਦਾਤਰ ਅਲੌਕਿਕ ਜਗਤ ਨਾਲ ਸੰਬੰਧਿਤ ਹਨ। ਜਿਵੇਂ ਪਰਮਾਤਮਾ ਲਈ ਸ਼ਹੁ, ਕੰਤ, ਸੱਜਣ, ਪਤੀ ਪਿਆਰਾ ਅਤੇ ਗੁਰਮੁੱਖ ਲਈ ਹੰਸ ਆਦਿ :-

- ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ ॥
  ਕਾਜਲੁ ਹਾਰ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ॥[11]

### (ਖ) ਪ੍ਰਕਿਰਤੀ ਨਾਲ ਸੰਬੰਧਿਤ ਬਿੰਬ

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਕੁਦਰਤ ਦੇ ਬਹੁ ਭਾਂਤੀ ਚਿੱਤਰ ਵੀ ਉਲੀਕੇ ਹਨ ਅਤੇ ਭਾਵ ਵਿਅੰਜਨ ਲਈ ਪ੍ਰਕਿਰਤੀ ਦੀਆਂ ਕਈ ਵਸਤੂਆਂ ਨੂੰ ਬਿੰਬ ਵੀ ਬਣਾਇਆ ਹੈ।
ਜਿਵੇਂ :-

- ਨਾਨਕ ਬਿਜੁਲੀਆ ਚਮਕੰਨਿ ਘੁਰਨ੍ਹਿ ਘਟਾ ਅਤਿ ਕਾਲੀਆ॥
  ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ॥[12]
- ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
  ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥[13]

ਪ੍ਰਕਿਰਤੀ ਬਿੰਬ ਦੀ ਇਕ ਹੋਰ ਮਿਸਾਲ ਵਿਚ ਸਾਵਣ ਦੇ ਪ੍ਰਾਕਿਰਤਕ ਦ੍ਰਿਸ਼ ਗੁਰੂ ਜੀ ਦੀ ਭਾਵ ਅਭਿਵਿਅਕਤੀ ਵਿਚ ਇਸ ਤਰ੍ਹਾਂ ਸਹਾਈ ਹੁੰਦੇ ਹਨ :

- ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
  ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ॥
  ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥
  ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰ॥
  ਵਣੁ ਤ੍ਰਿਣ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ
  ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
  ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥
  ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥
  ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥[14]

### (ਗ) ਦੈਨਿਕ ਜੀਵਨ ਨਾਲ ਸੰਬਧਿਤ ਬਿੰਬ

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਕਿਤੇ ਕਿਤੇ ਨੈਤਿਕ ਜੀਵਨ ਨਾਲ ਸੰਬੰਧਿਤ ਬਿੰਬ ਵੀ ਦ੍ਰਿਸ਼ਟੀ ਗੋਚਰ ਹੁੰਦੇ ਹਨ । ਜਿਵੇਂ ਰੋਟੀ, ਵਿਆਹ, ਰਾਜਮਹਲ, ਫ਼ੌਜ, ਸੇਜ, ਅੱਗ ਆਦਿ। ਗੁਰੂ ਜੀ ਸਿਸ਼੍ਟੀ ਦੇ ਪ੍ਰਗਟ ਪਦਾਰਥ ਜਿਹੜੇ ਮਨੁੱਖੀ ਚੇਤਨਾ ਨਾਲ ਪਰਿਚਤ ਤੇ ਪ੍ਰਭਾਵਕਾਰੀ ਗੁਣ ਰੱਖਦੇ ਸਨ, ਉਨ੍ਹਾਂ ਰਾਹੀਂ ਆਪਣੇ ਸੂਖਮ ਸਿੱਧਾਂਤਾਂ ਨੂੰ ਉਘਾੜਿਆ ਹੈ ਜਿਵੇਂ :-

- ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ॥
  ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ॥[15]

### (ਘ) ਨੈਤਿਕ ਜੀਵਨ ਨਾਲ ਸੰਬੰਧਿਤ ਬਿੰਬ

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਕਿਤੇ ਕਿਤੇ ਨੈਤਿਕ ਜੀਵਨ ਨਾਲ ਸੰਬੰਧਿਤ ਬਿੰਬਾਂ ਦਾ ਪ੍ਰਯੋਗ ਵੀ ਹੋਇਆ ਹੈ। ਜਿਵੇਂ :-

- ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥
  ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥
  ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਈਆ॥
  ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥[16]

ਇਸੇ ਤਰ੍ਹਾਂ ਖੇਤੀ ਬੀਜ ਅਤੇ ਫਲ ਦੇ ਬਿੰਬਾਂ ਰਾਹੀਂ ਨਾਮ ਦੇ ਮਹੱਤਵ ਨੂੰ ਇਸ ਤਰ੍ਹਾਂ ਦਰਸਾਇਆ ਹੈ :

- ਜਿਸਹਿ ਸਾਜਿ ਨਿਵਾਜਿਆ ਤਿਸਹਿ ਸਿਉ ਰੁਚ ਨਾਹਿ॥
  ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ॥
  ਰੇ ਮਨ ਵਤ੍ਰ ਬੀਜਣ ਨਾਉ
  ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ॥[17]

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਬਿੰਬ ਚਮਤਕਾਰ ਵਿਚ ਅਧਿਕ ਸੱਮਰੱਥ ਹੈ। ਭਾਵੇਂ ਕੁਝ ਬਿੰਬ ਪਰੰਪਰਾਗਤ ਅਥਵਾ ਰੂੜ ਹਨ, ਪਰ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਉਹ ਅਕੇਵੇਂ ਭਰਪੂਰ ਹਨ, ਨੀਰਸ ਹਨ ਜਾਂ ਉਨ੍ਹਾਂ ਵਿਚ ਤਾਜ਼ਗੀ ਨਹੀਂ। ਸਗੋਂ ਇਹੀ ਤਾਂ ਇਸ ਬਿੰਬਾਵਲੀ ਦੀ ਖਾਸੀਅਤ ਹੈ ਕਿ ਇਹ ਰਵਾਇਤੀ ਹੋ ਕੇ ਵੀ ਅਮੌਲਿਕ ਨਹੀਂ ਜਾਪਦੀ। ਇਹ ਬਿੰਬਾਵਲੀ ਗੁਰੂ ਸਾਹਿਬ ਨੇ ਬਿੰਬਾਂ ਦਾ ਸਿਧਾਂਤਕ ਅਧਿਐਨ ਕਰਕੇ ਰੂਪਮਾਨ ਕੀਤੀ ਸਗੋਂ ਇਸ ਦੀ ਵਰਤੋਂ ਬੜੀ ਸਹਿਜ ਸੁਭਾਵਕ ਅਤੇ ਸਰਲ ਰੂਪ ਵਿਚ ਹੋਈ ਹੈ।

### ਹਵਾਲੇ ਅਤੇ ਟਿਪਣੀਆਂ

1. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, ਕਾਵਿ ਦੇ ਤੱਤ, ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੭੦, ਪੰਨਾ : ੧੦੦
2. ਡਾ. ਪੀ. ਆਦੇਸ਼ਵਰ ਰਾਉ, ਕਾਵਯ ਬਿੰਬ ਸਰੂਪ ਔਰ ਸਰੰਚਨਾ, ਕਾਲਿੰਦੀ ਕਾਵੇਰੀ ਪ੍ਰਕਾਸ਼ਨ, ਇਲਾਹਾਬਾਦ, ੧੫ ਅਗਸਤ ੧੯੯੮, ਪ੍ਰਸਤਾਵਨਾ
3. ਗੁਰੂ ਗ੍ਰੰਥ ਸਾਹਿਬ, ਪੰਨਾ : ੭੦੬
4. ਉਹੀ, ਪੰਨਾ : ੧੦੨
5. ਉਹੀ, ਪੰਨਾ : ੧੧੦੨
6. ਉਹੀ, ਪੰਨਾ : ੧੦੯੭
7. ਉਹੀ, ਪੰਨਾ : ੭੦੯
8. ਉਹੀ, ਪੰਨਾ : ੭੦੭
9. ਉਹੀ, ਪੰਨਾ : ੫੦
10. ਉਹੀ, ਪੰਨਾ : ੫੨੩
11. ਉਹੀ, ਪੰਨਾ : ੧੦੯੪
12. ਉਹੀ, ਪੰਨਾ : ੧੧੦੨
13. ਉਹੀ, ਪੰਨਾ : ੩੧੯
14. ਉਹੀ, ਪੰਨਾ : ੧੩੪
15. ਉਹੀ, ਪੰਨਾ : ੧੦੯੬
16. ਉਹੀ, ਪੰਨਾ : ੭੪
17. ਉਹੀ, ਪੰਨਾ : ੧੦੦੨